UK Health Security Agency

NHS

# ਉਹਨਾਂ ਔਰਤਾਂ ਲਈ ਇੱਕ ਗਾਈਡ ਜੋ ਗਰਭਵਤੀ ਹੋ ਸਕਦੀਆਂ ਹਨ, ਜੋ ਗਰਭਵਤੀ ਹਨ ਜਾਂ ਆਪਣੇ ਬੱਚੇ ਨੂੰ ਦੁੱਧ ਚੁੰਘਾ ਰਹੀਆਂ ਹਨ





ਇਹ ਯਕੀਨੀ ਬਣਾਉਣ ਲਈ ਕੋਰੋਨਾਵਾਇਰਸ ਵੈਕਸੀਨ ਦੀਆਂ ਬਹੁਤ ਸਾਰੀਆਂ ਜਾਂਚਾਂ ਕੀਤੀਆਂ ਗਈਆਂ ਹਨ ਕਿ ਇਹ ਸੁਰੱਖਿਅਤ ਹੈ।



ਜੇ ਤੁਸੀਂ ਗਰਭਵਤੀ ਹੋ, ਤਾਂ ਆਪਣੀ ਅਤੇ ਆਪਣੇ ਬੱਚੇ ਦੀ ਰੱਖਿਆ ਲਈ ਤੁਹਾਨੂੰ ਕੋਰੋਨਾਵਾਇਰਸ ਵੈਕਸੀਨ ਦੀਆਂ ਦੋ ਖੁਰਾਕਾਂ ਲੈਣੀਆਂ ਚਾਹੀਦੀਆਂ ਹਨ। ਵੈਕਸੀਨ ਤੁਹਾਨੂੰ ਜਾਂ ਤੁਹਾਡੇ ਅਣਜਨਮੇ ਬੱਚੇ ਨੂੰ ਕੋਰੋਨਾਵਾਇਰਸ ਦੀ ਲਾਗ ਨਹੀਂ ਦੇ ਸਕਦੀਆਂ।



ਕੋਰੋਨਾਵਾਇਰਸ ਵੈਕਸੀਨ ਦੋ ਟੀਕਿਆਂ ਵਿੱਚ ਦਿੱਤੀ ਜਾਂਦੀ ਹੈ। ਜੇ ਤੁਸੀਂ ਪਹਿਲਾ ਟੀਕਾ ਗਰਭਵਤੀ ਹੋਣ ਤੋਂ ਪਹਿਲਾਂ ਲਗਵਾਇਆ ਸੀ, ਤਾਂ ਤੁਸੀਂ ਦੂਜਾ ਟੀਕਾ ਲਗਵਾ ਸਕਦੇ ਹੋ, ਬਸ਼ਰਤੇ ਤੁਹਾਨੂੰ ਪਹਿਲੇ ਟੀਕੇ ਤੋਂ ਕੋਈ ਗੰਭੀਰ ਮਾੜੇ ਪ੍ਰਭਾਵ ਨਾ ਹੋਏ ਹੋਣ।




ਗਰਭਵਤੀ ਔਰਤਾਂ ਲਈ Pfizer ਅਤੇ Moderna ਕੋਰੋਨਾਵਾਇਰਸ ਵੈਕਸੀਨਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਜੇ ਤੁਸੀਂ ਆਪਣਾ ਪਹਿਲਾ ਟੀਕਾ Astrazeneca ਦਾ ਲਗਵਾਇਆ ਹੈ, ਤਾਂ ਤੁਸੀਂ ਆਪਣੇ ਦੂਜੇ ਟੀਕੇ ਲਈ ਇਹ ਲਗਵਾ ਸਕਦੇ ਹੋ, ਪਰ ਪਹਿਲਾਂ ਖੂਨ ਦੇ ਗਤਲੇ ਬਣਨ ਦੇ ਜੋਖਮ ਬਾਰੇ ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰੋ।



ਛਾਤੀ ਦਾ ਦੁੱਧ ਤੁਹਾਡੇ ਅਤੇ ਤੁਹਾਡੇ ਬੱਚੇ ਲਈ ਸਚਮੁਚ ਚੰਗਾ ਹੁੰਦਾ ਹੈ।



ਵੈਕਸੀਨੇਸ਼ਨ ਅਤੇ ਟੀਕਾਕਰਨ ਲਈ ਸੰਯੁਕਤ ਕਮੇਟੀ (JCVI) ਦੇ ਮਾਹਰ ਕਹਿੰਦੇ ਹਨ ਕਿ ਜਦੋਂ ਤੁਸੀਂ ਦੁੱਧ ਚੁੰਘਾ ਰਹੇ ਹੋਵੋ ਤਾਂ ਤੁਸੀਂ ਵੈਕਸੀਨ ਲਗਵਾ ਸਕਦੇ ਹੋ।

ਵਿਸ਼ਵ ਸਿਹਤ ਸੰਗਠਨ (WHO) ਵੀ ਸਹਿਮਤ ਹੈ ਕਿ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਵੈਕਸੀਨ ਲੈ ਸਕਦੀਆਂ ਹਨ।



ਜੇ ਤੁਸੀਂ ਆਪਣੇ ਬੱਚੇ ਨੂੰ ਜਨਮ ਦਿੱਤਾ ਹੈ ਤਾਂ ਤੁਹਾਨੂੰ ਜਿੰਨੀ ਜਲਦੀ ਹੋ ਸਕੇ ਆਪਣੀਆਂ ਵੈਕਸੀਨਾਂ ਲੈਣੀਆਂ ਚਾਹੀਦੀਆਂ ਹਨ।



ਵੈਕਸੀਨਾਂ ਲੈਣ ਤੋਂ ਬਾਅਦ ਤੁਹਾਡੇ ਲਈ ਗਰਭਵਤੀ ਹੋਣਾ ਸੁਰੱਖਿਅਤ ਹੈ।



ਟੀਕਾਕਰਨ, ਸਭ ਤੋਂ ਕਮਜ਼ੋਰ ਲੋਕਾਂ ਦੀ ਰੱਖਿਆ ਵਿੱਚ ਮਦਦ ਕਰਨੀ।

© ਕ੍ਰਾਊਨ ਕਾਪੀਰਾਈਟ 2021. ਉਤਪਾਦ ਕੋਡ: COV2021374V4ERPAN Panjabi 1p 5K AUG 2021 (APS). ਯੂਕੇ ਸਿਹਤ ਸੁਰੱਖਿਆ ਏਜੰਸੀ 2021533.

ਇਹਨਾਂ ਪਰਚਿਆਂ ਦੇ ਹੋਰ ਸੰਸਕਰਣ ਬ੍ਰੇਲ, BSL, ਕਈ ਭਾਸ਼ਾਵਾਂ ਵਿੱਚ ਕੀਤੇ ਗਏ ਅਨੁਵਾਦ ਵਿੱਚ ਉਪਲਬਧ ਹਨ। ਉਹਨਾਂ ਦਾ ਆਰਡਰ ਕਰਨ ਜਾਂ ਡਾਊਨਲੋਡ ਕਰਨ ਲਈ ਕਿਰਪਾ ਕਰਕੇ ਹੈਲਥ ਪਬਲੀਕੇਸ਼ਨਜ਼ 'ਤੇ ਜਾਓ: www.healthpublications.gov.uk